# ਮਲੇਰੀਆ ਫਾਉਂਡੇਸ਼ਨ

## ਇਨਟਰਨੈਸ਼ਨਲ

*ਵਿਸ਼ਵ ਭਰ ਵਿੱਚ ਮਨੁੱਖਤਾ ਨੂੰ ਅਪਣਾਉਂਦੇ ਹੋਏ*

ਸਾਡਾ ਉੱਦੇਸ਼, ਮਲੇਰੀਏ ਕਾਰਨ ਪੈਦਾ ਹੋਈਆਂ ਸਿਹਤ, ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਦੇ ਹੱਲ ਲੱਭਣਾ ਅਤੇ ਉਹਨਾਂ ਨੂੰ ਲਾਗੂ ਕਰਨਾ ਹੈ।



### ਨੇਤ੍ਰਿਤੱਵ ਦਾ ਵਿਕਾਸ

ਐਮ.ਐਫ.ਆਈ. ਮਲੇਰੀਏ ਖਿਲਾਫ ਯੋਜਨਾਵਾਂ ਉੱਪਰ ਚਰਚਾ, ਵਿਚਾਰ ਵਟਾਂਦਰਾ ਅਤੇ ਵਾਦਵਿਵਾਦ ਦਾ ਮਾਹੌਲ ਪੈਦਾ ਕਰਨ ਲਈ ਵਿਸ਼ਵ ਦੇ ਲੀਡਰਾਂ ਅਤੇ ਹੋਰ ਸਿਹਯੋਗੀਆਂ ਨੂੰ ਤਿਆਰ ਕਰਦਾ ਹੈ। ਸਾਡੇ ਨੇਟਵਰਕਾਂ ਵਿਚ ਵਿਦੀਆਰਥੀ, ਅਧਆਪਕ, ਸਾਇੰਸ ਦਾਨ, ਵਪਾਰਕ ਅਤੇ ਸਮਾਜਿਕ ਆਗੂ ਸ਼ਾਮਿਲ ਹਨ।



### ਸਮਾਜਿਕ ਸਿਖਿਆ

ਐਮ.ਐਫ.ਆਈ ਸਮਾਜਿਕ ਆਗੂਆਂ ਅਤੇ ਬੱਚਿਆਂ ਨੂੰ ਸਿਖਿਆ ਅਤੇ ਮਲੇਰੀਏ ਵਿਰੁਧ ਮਹਿਮ ਲਈ ਉਤਸਾਹਿਤ ਕਰਦਾ ਹੈ। ਸਾਡੇ ਪ੍ਰੋਗਰਾਮਾਂ ਰਾਹੀਂ ਮਲੇਰੀਏ ਦੇ ਪ੍ਰਕੋਪ ਹੇਠ ਆਏ ਇਲਾਕਿਆਂ ਵਿਚ ਸਮਾਜ ਨਾਲ ਖਾਸ ਸੰਬੰਧ ਕਾਇਮ ਕੀਤੇ ਜਾਂਦੇ ਹਨ ਅਤੇ ਮੋਕੇ ਦਰਸ਼ਾਏ ਜਾਂਦੇ ਹਨ। ਇਸ ਦੋਰਾਨ, ਮਲੇਰੀਆ ਰਹਿਤ ਦੇਸ਼ਾਂ ਦੇ ਬੱਚੇ ਇਸ ਬਿਮਾਰੀ ਦੁਆਰਾ ਕੀਤੀ ਤਬਾਹੀ ਪ੍ਰਤੀ ਸੰਵੇਦਨਸ਼ੀਲ ਹੋ ਜਾਂਦੇ ਹਨ।



### ਮਲੇਰੀਏ ਬਾਰੇ ਜਾਗਰੁਕਤਾ

1992 ਤੋਂ ਐਮ.ਐਫ.ਆਈ ਨੇ ਮਲੇਰੀਏ ਵਿਰੁਧ ਲੜਾਈ ਲਈ ਵਿਸ਼ਵ-ਵਿਆਪੀ ਪ੍ਰਯਾਸਾਂ ਦੀ ਲੋੜ ਵਲ ਧਿਆਨ ਕੇਂਦ੍ਰਿਤ ਕੀਤਾ ਹੈ। ਪ੍ਰਮੁੱਖ ਉਪਲਬਧਿਆਂ ਵਿਚ ਸ਼ਾਮਿਲ ਹਨ: ਮਲੇਰੀਏ ਬਾਰੇ ਪਿਹਲੀ ਵਿਆਪਕ ਵੇਬਸਾਇਟ ਸ਼ੁਰੂ ਕਰਨਾ; ਮਲੇਰੀਏ ਦੀ ਜਾਨਕਾਰੀ ਬਾਰੇ ਪਹਿਲੀ ਪ੍ਰੇਸ ਕਿਟ ਤਿਆਰ ਕਰਨਾ; ਮਲੇਰੀਆ ਫੈਲਾਉਣ ਵਾਲੇ ਮੱਛਰ ਤੇ ਡੀ. ਡੀ. ਟੀ. ਦੀ ਸੀਮਿਤ ਵਰਤੋਂ ਅਤੇ ਵਿਸ਼ਵ ਭਰ ਵਿਚ ਆਰਟਿਮਿਸਿਨਿਨ ਤੇ ਆਧਾਰਿਤ ਮਿਸ਼ਰਿਤ ਇਲਾਜ਼ [ਆਰਟਿਮਿਸਿਨਿਨ ਬੇਸਡ ਕੋਂਬੀਨੇਸ਼ਨ ਥੈਰੇਪੀ (ਏ. ਟੀ. ਸੀ.)] ਨੂੰ ਸਿਹਯੋਗ ਦੇਣਾ।






### ਸ਼ੋਧ ਦਾ ਸਮਰਥਣ

ਮਲੇਰੀਆ ਇਕ ਇਲਾਜ ਯੋਗ ਅਤੇ ਰੋਕੀ ਜਾ ਸਕਨ ਵਾਲੀ ਬਮਾਰੀ ਹੈ, ਇਸ ਕਾਰਨ ਐਮ.ਐਫ.ਆਈ ਦੇ ਸਾਇੰਸ ਦਾਨ ਹੋਰ ਕਾਰਗਰ ਦਵਾਈਆਂ ਅਤੇ ਵੇਕਸੀਨ ਦੇ ਸ਼ੋਧ ਅਤੇ ਵਰਤੋਂ ਦਾ ਸਮਰਥਣ ਕਰਦੇ ਹਨ।

## ਅਸੀਂ ਕੌਣ ਹਾਂ

ਡਾ. ਮੈਰੀ ਆਰ. ਗੇਲਿੰਸਕੀ ਨੇ 1992 ਵਿਚ ਮਲੇਰੀਆ ਫਾਉਂਡੇਸ਼ਨ ਇਨਟਰਨੈਸ਼ਨਲ (ਐਮ.ਐਫ.ਆਈ) ਦੀ ਸਥਾਪਨਾ ਕੀਤੀ ਸੀ। ਮਲੇਰੀਏ ਦੇ ਸ਼ੋਧਕਾਰਾਂ ਅਤੇ ਵੱਖ ਵੱਖ ਕਿਤਿਆਂ ਦੇ ਮਾਹਿਰਾਂ ਦੇ ਮਲੇਰੀਏ ਵਿਰੁਧ ਸਮਰਥਣ ਅਤੇ ਪ੍ਰਤਿਗਿਆ ਦੀ ਮਦੱਦ ਨਾਲ ਕਾਰਗਰ ਰੂਪ ਵਿਚ ਰੋਕ, ਇਲਾਜ ਅਤੇ ਨਿਯੰਤ੍ਰਣ ਨੂੰ ਸਮਰਪਿਤ ਨਿਜੀ ਅੰਤਰਰਾਸ੍ਟ੍ਰੀ ਇਦਾਰਾ ਬਨਾਉਣ ਲਈ ਯੋਜਨਾ ਬਨਾਈ ਗਈ। ਐਮ.ਐਫ.ਆਈ ਇਸ ਉੱਦੇਸ਼ ਨਾਲ ਜੁੜੇ ਹੋਏ ਅਨੇਕਾਂ ਵਿਅਕਤੀਆਂ ਅਤੇ ਸਮੂਹਾਂ ਦੇ ਨਾਲ ਰਲ ਕੇ ਕੰਮ ਕਰਦਾ ਹੈ।

## ਨਵੀਆਂ ਅੰਤਰਰਾਸ਼ਟ੍ਰੀ ਯੋਜਨਾਵਾਂ



**ਮਲੇਰੀਆ ਖਤਮ ਕਰੋ--ਨੀਲਾ ਰਿਬਨ ਮੁਹਿਮ** : ਅਮੇਰੀਕਨ ਸੋਸਾਇਟੀ ਔਫ ਟਰੋਪੀਕਲ ਮੇਡਿਸਿਨ ਐਂਡ ਹਾਈਜੀਨ ਦੀ 2006 ਦੀ ਸਾਲਾਨਾ ਮੀਟਿੰਗ ਵਿਚ ਚਲਾਈ ਗਈ ਮਲੇਰੀਆ ਖਤਮ ਕਰੋ - ਨੀਲਾ ਰਿਬਨ ਮੁਹਿਮ ਵਿਸ਼ਵ ਦੀ ਮਲੇਰੀਏ ਵਿਰੁਧ ਲੜਾਈ ਦੇ ਸਮਰਥਣ ਅਤੇ ਪ੍ਰਤਿਗਿਆ ਦਾ ਬੁਨਿਆਦੀ ਚਿੰਨ੍ਹ ਬਣ ਗਈ।

**ਸਟੂਡੇਂਟ ਲੀਡਰਜ਼ ਅਗੇਂਸਟ ਮਲੇਰੀਆ** : ਐਸ. ਐਲ. ਏ. ਐਮ. ਅਜੇਹਾ ਪ੍ਰੋਗ੍ਰਾਮ ਹੈ ਜਿਸ ਵਿਚ ਵਿਦੀਆਰਥੀਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਤਾਂ ਜੋ ਉਹ ਮਲੇਰੀਏ ਨੂੰ ਸਮਝ ਸਕਣ ਅਤੇ ਇਸ ਵਿਰੁਧ ਲੜਾਈ ਵਿਚ ਸ਼ਾਮਿਲ ਹੋਣ। 2005 ਤੋਂ ਐਸ. ਐਲ. ਏ. ਐਮ. ਦੀਆਂ ਆਰੰਭਿਕ ਯੋਜਨਾਵਾਂ ਦਾ ਅਮਰੀਕਾ, ਅਫਰੀਕਾ ਅਤੇ ਏਸ਼ੀਆ ਵਿਚ ਵਿਕਾਸ ਹੋ ਰਿਹਾ ਹੈ।

**ਚੋਈ ਕਵਾਂਗ ਦੋ ਮਾਰਸ਼ਿਅਲ ਆਰਟ ਇਨਟਰਨੈਸਨਲ** : ਐਮ. ਐਫ. ਆਈ. ਨਾਲ ਰੱਲ ਕੇ ਸੀ. ਕੇ. ਡੀ. ਮਲੇਰੀਏ ਦੇ ਖਿਲਾਫ ਜੰਗ ਵਿਚ ਮਦੱਦ ਕਰਦੀ ਹੈ। ਸੀ. ਕੇ. ਡੀ. ਦੀਆਂ ਅਮਰੀਕਾ ਅਤੇ ਬਰਤਾਨੀਆ ਦੀਆਂ ਇਕਾਈਆਂ ਦੇ ਸ਼ਿਕਸ਼ਕ ਅਤੇ ਵਿਦੀਆਰਥੀ ਮਲੇਰੀਏ ਬਾਰੇ ਜਾਗਰੂਕਤਾ, ਸਿਖਿਆ ਅਤੇ ਆਰਥਿਕ ਵਿਕਾਸ ਦੇ ਸਮਰਥਕ ਬਣ ਗਏ ਹਨ।

**ਮਲੇਰੀਆ ਬਿਜ਼ਨਸ ਲੀਡਰਸ਼ਿਪ ਕਾਨਫਰੈਂਸਾਂ**, ਮਲੇਰੀਏ ਦੇ ਵਿਸ਼ੇਸ਼ੱਗਾਂ, ਵਪਾਰਕ ਅਤੇ ਸਮਾਜਿਕ ਲੀਡਰਾਂ ਨੂੰ ਇਕੱਠਾ ਕਰਕੇ ਮਲੇਰੀਏ ਦੇ ਤੱਥਾਂ ਅਤੇ ਕਿਸ ਤਰਾਂ ਅਲੱਗ ਅਲੱਗ ਸਮੂਹਾਂ ਦੇ ਵਿਅਕਤੀ ਇਕੱਠੇ ਹੋ ਕੇ ਇਸ ਬਿਮਾਰੀ ਨਾਲ ਲੜਾਈ ਸਕਦੇ ਹਨ ਬਾਰੇ ਜਾਨੂੰ ਕਰਵਾਉਂਦੀਆਂ ਹਨ।



**ਮਲੇਰੀਆ ਪੁਰਸਕਾਰ ਸਮਾਰੋਹ** : 2006 ਵਿਚ ਸ਼ੁਰੂ ਹੋਏ, ਐਮ. ਏ. ਸੀ. (ਮਲੇਰੀਆ ਪੁਰਸਕਾਰ ਸਮਾਰੋਹ) ਦੁਆਰਾ ਮਲੇਰੀਏ ਖਿਲਾਫ ਜੰਗ ਨਾਲ ਜੁੜੇ ਅਨੇਕਾਂ ਲੀਡਰਾਂ ਅਤੇ ਅਚਰਚਿਤ ਸਿਹਯੋਗੀਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਜਿਸ ਵਿਚ ਅਧਿਆਪਕ, ਵਿਦੀਆਰਥੀ, ਸਾਇੰਸ ਦਾਨ, ਪੱਤਰਕਾਰ, ਵਪਾਰਕ ਆਗੂ, ਪ੍ਰਸਿਧ ਵਿਅਕਤੀ ਅਤੇ ਰਾਜਨਿਤਿਗ ਸ਼ਾਮਿਲ ਹਨ।

ਐਮ. ਐਫ. ਆਈ. ਦੇ ਮੋਜੂਦਾ ਪ੍ਰੋਗ੍ਰਾਮਾਂ ਬਾਰੇ ਵਧੇਰੇ ਜਾਨਕਾਰੀ ਲਈ, ਸਾਡੀ ਵੇਬਸਾਈਟ www.malaria.org ਦੇਖੋ ਯਾਂ MFI@malaria.org ਤੇ ਸੰਪਰਕ ਕਰੋ।

ਅਨੁਵਾਦ **www.worldvoicecenter.com** ਦੁਆਰਾ ਪ੍ਰਦਾਨ ਕੀਤਾ ਗਿਆ।

ਜੂਨ 2009